ECONSPEAK: A Journal of Advances in Management IT & Social Sciences,
Vol. 13, Issue 2, February 2023 Impact Factor 8.049 ISSN: (2231-4571)
www.skirec.org Email Id: skirec.org@gmail.com

# ਬਿਨਸਨਹਾਰ ਜਗਤ ਦੀ ਵਿਆਖਿਆ: ਸ੍ਰੀ ਗੁਰੂ ਤੇਗ ਬਹਾਦਰ ਦੇਵ ਜੀ ਦੇ ਸੰਦਰਭ ਵਿਚ

**ਡਾ. ਜਸਵੀਰ ਕੌਰ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ ਜਗਤ ਦੀ ਉਤਪਤੀ ਦੇ ਕਾਰਨਾਂ ਨੂੰ ਅਨੇਕ ਭਾਰਤੀ ਮਤਾਂ ਨੇ ਆਪਣੇ ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਜਗਤ ਦੀ ਉਤਪਤੀ ਦਾ ਮੁੱਖ ਰੂਪ ਵਿਚ ਕਾਰਨ ਬ੍ਰਹਮ, ਪ੍ਰਕਿਰਤੀ, ਮਾਇਆ ਅਤੇ ਸ਼ਕਤੀ ਤੋਂ ਹੀ ਮੰਨਿਆ ਗਿਆ ਹੈ। ਬ੍ਰਿਹਿਦਾਰਣਯਕ ਉਪਨਿਸ਼ਦ ਵਿਚ ਬ੍ਰਹਮ ਤੋਂ ਹੀ ਜਗਤ ਦੀ ਉਤਪਤੀ ਹੋਈ ਮੰਨੀ ਜਾਂਦੀ ਹੈ। ਇਸ ਨੂੰ ਦ੍ਰਿਸ਼ਟਾਂਤ ਦੁਆਰਾ ਪ੍ਰਗਟ ਕੀਤਾ ਗਿਆ ਹੈ। ਜਿਵੇਂ ਅਗਨੀ ਤੋਂ ਅਨੇਕ ਛੋਟੀਆਂ-ਛੋਟੀਆਂ ਚਿੰਗੜਾਈਆਂ ਨਿਕਲਦੀਆਂ ਹਨ ਉਵੇਂ ਹੀ ਆਤਮਾ ਤੋਂ ਸਮਸਤ ਪ੍ਰਾਣ, ਸਮਸਤ ਲੋਕ, ਵੱਖਰੇ-ਵੱਖਰੇ ਰੂਪਾਂ ਵਿਚ ਉਤਪਤ ਹੁੰਦੇ ਹਨ। ਭਗਵਤ ਗੀਤਾਂ ਵਿਚ ਵੀ ਬ੍ਰਹਮ ਤੋਂ ਉਤਪਤੀ ਮੰਨੀ ਗਈ ਹੈ। ਸਾਖ-ਦਰਸ਼ਨ ਅਨੁਸਾਰ ਪ੍ਰਕਿਰਤੀ ਨੂੰ ਜਗਤ ਦਾ ਮੂਲ ਬਿੰਦੂ ਮੰਨਿਆਂ ਜਾਂਦਾ ਹੈ। ਪ੍ਰਕਿਰਤੀ ਦੇ ਵਿਕਾਰ ਤੋਂ ਸਮਸਤ ਪਦਾਰਥਾਂ ਦੀ ਉਤਪਤੀ ਹੁੰਦੀ ਹੈ। ਜਿਵੇਂ ਮਿੱਟੀ ਤੋਂ ਘੜੇ ਦੀ ਘਾੜ੍ਹਤ ਘੜੀ ਜਾਂਦੀ ਹੈ, ਵਿਨਾਸ ਹੋਣ ਤੇ ਘੜਾ ਫਿਰ ਮਿੱਟੀ ਵਿਚ ਹੀ ਵਿਲੀਨ ਹੋ ਜਾਂਦਾ ਹੈ। ਉਸੇ ਤਰ੍ਹਾਂ ਹੀ ਜਗਤ ਪ੍ਰਕਿਰਤੀ ਵਿਚੋਂ ਉਪਜ ਕੇ ਉਸ ਵਿਚ ਹੀ ਵਿਲੀਨ ਹੋ ਜਾਂਦਾ ਹੈ। ਉਪਨਿਸ਼ਦਾਂ ਵਿਚ ਮਾਇਆ ਨੂੰ ਜਗਤ ਨਿਰਮਾਣ ਦੀ ਸ਼ਕਤੀ ਮੰਨਿਆ ਗਿਆ ਹੈ। ਮਾਇਆ ਬ੍ਰਹਮ ਦੇ ਅਧੀਨ ਸ਼ਕਤੀ ਹੈ। ਨਾਥ ਸੰਪ੍ਰਦਾਇਕ ਵਿਚ ਸ਼ਕਤੀ ਨੂੰ ਜਗਤ ਦੀ ਸਿਰਜਨਾ ਦਾ ਮੂਲ ਕਾਰਨ ਦਰਸਾਇਆ ਗਿਆ ਹੈ। ਸ਼ਕਤੀ ਪਰਮ ਸ਼ਿਵ ਤੋਂ ਉਤਪੰਨ ਹੋ ਕੇ ਪੰਜ ਅਵਸਥਾਵਾਂ ਵਿਚੋਂ ਗੁਜਰਦੀ ਹੋਈ ਆਪਣੇ ਅਸਲ ਰੂਪ ਵਿਚ ਵਿਗਸਤ ਹੋਈ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਖ਼ੁਦ ਹੀ ਸ਼ਿਸ਼ਟੀ ਦਾ ਰਚੇਤਾ ਹੈ। ਪਰਮਾਤਮਾ ਆਪ ਹੀ ਜਗਤ ਦਾ ਸਿਰਜਨਹਾਰ ਹੈ। ਆਪ ਹੀ ਇਸ ਦਾ ਵਿਨਾਸ ਕਰਦਾ ਹੈ। ਪਰਮਾਤਮਾ ਨੇ ਆਪ ਹੀ ਵਿਅਕਤੀ ਦੀ ਰਚਨਾ ਕਰਕੇ ਉਸਨੂੰ ਧੰਦਿਆਂ ਵਿਚ ਲਾਇਆ ਹੈ। ਗੁਰੂ ਜੀ ਜਗਤ ਦੀ ਰਚਨਾ ਬਾਬਤ ਹੇਠ ਲਿਖੀ ਤੁਕ ਵਰਤਦੇ ਹਨ-

ਤੁਧ ਆਪੇ ਜਗਤ ਉਪਾਇਕੈ ਤੁਧੁ ਆਪੇ ਧੰਧੈ ਲਾਇਆ।[1]

ਗੁਰਬਾਣੀ ਪਰਮਾਤਮਾ ਨੂੰ ਹੀ ਸ਼ਿਸ਼ਟੀ ਦੇ ਆਦਿ ਅੰਤ ਦਾ ਕਾਰਨ ਮੰਨਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਜਗਤ ਦੀ ਉਤਪਤੀ ਦੇ ਵਿਸ਼ੇ ਸਬੰਧੀ ਵਧੇਰੇ ਵਿਸਥਾਰ ਵਿਚ ਨਹੀਂ ਗਏ। ਸੂਤ੍ਰਿਕ ਸ਼ੈਲੀ ਦੇ ਧਾਰਣੀ ਹੋਣ ਕਰਕੇ ਉਹਨਾਂ ਨੇ ਬਹੁਤ ਥੋੜੇ ਸ਼ਬਦਾਂ ਵਿਚ ਸ੍ਰਿਸ਼ਟੀ ਦੀ ਰਚਨਾ ਦਾ ਰਚਣਹਾਰ ਪਰਮਾਤਮਾ ਨੂੰ ਹੀ ਕਿਹਾ ਹੈ। ਉਨ੍ਹਾਂ ਅਨੁਸਾਰ :

ਸਾਧੋ ਰਚਨਾ ਰਾਮ ਬਨਾਈ ਇਕਿ ਬਿਨਸੈ ਇਕ ਅਸਥ਼ਿਰ ਮਾਨੈ

ਅਚਰਜੁ ਲਖਿਓ ਨ ਜਾਈ।[2]

ਹੱਥਲੇ ਖੋਜ ਪੇਪਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬਿਨਸਨਹਾਰ ਜਗਤ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਸੰਖੇਪ ਰੂਪ ਵਿਚ ਚਰਚਾ ਕੀਤੀ ਗਈ ਹੈ।

**ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਬਾਣੀ :-** ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਮੀਰੀ ਪੀਰੀ ਦੇ ਧਾਰਨੀ ਗੁਰੂ ਹਰਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋ 5 ਵੈਸਾਖ ਸੰਮਤ 1678 ਨੂੰ ਦਿਨ ਐਤਵਾਰ ਅੰਮ੍ਰਿਤਸਰ ਵਿਖੇ ਹੋਇਆ ਸੀ। ਆਪ ਦੇ ਚਾਰ ਭਰਾ ਅਤੇ ਇਕ ਭੈਣ ਸੀ। ਆਪ ਜੀ ਸਭ ਤੋਂ ਛੋਟੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਬਚਪਨ ਤੋਂ ਹੀ ਸਭ ਤੋਂ ਸੁੰਦਰ, ਕੋਮਲ ਦਿਲ ਤੇ ਸੰਤ ਸਰੂਪ ਸਨ। ਆਪ ਜੀ ਨੂੰ ਬਚਪਨ ਤੋਂ ਸ਼ਾਸ਼ਤਰ ਵਿਦਿਆ ਤੇ ਸੰਗੀਤ ਵਿਦਿਆ ਸਿਖਾਈ ਗਈ ਸੀ। ਸੰਤ ਸੁਭਾਅ ਗੋਣ ਕਾਰਨ ਆਪ ਸਿਮਰਨ ਵਿਚ ਲੀਨ ਰਹਿੰਦੇ। ਆਪ ਚੌਂਕੜਾ ਮਾਰ ਕੇ ਪ੍ਰਭ ਭਗਤੀ ਵਿਚ ਮਸਤ ਰਹਿੰਦੇ । ਪਿਤਾ ਗੁਰੂ ਨੇ ਇਕ ਦਿਨ ਆਪ ਜੀ ਬਾਰੇ ਆਖਿਆ ਕਿ ਆਉਣ ਵਾਲੇ ਸਮੇਂ ਵਿਚ ਤੁਸੀਂ ਇਕ ਮਹਾਨ ਵਿਅਕਤੀ ਹੋਵੋਗੇ ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਤਮਾ ਆਪ ਵਿਚ ਰੂਪਮਾਨ ਹੋਵੇਗੀ। ਆਪ ਜੀ ਦਾ ਵਿਆਹ ਗਿਆਰਾਂ ਬਾਰਾਂ ਸਾਲ ਦੀ ਉਮਰ ਵਿਚ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਖੱਤਰੀ ਪੁੱਤਰੀ ਗੁਜਰੀ ਜੀ ਨਾਲ ਹੋਇਆ। ਆਪ ਜੀ ਦੇ ਵਿਆਹ ਤੋਂ 34 ਸਾਲ ਬਾਅਦ ਆਪ ਦੇ ਘਰ ਗੁਰੂ ਗੋਬਿੰਦ ਰਾਏ ਪੈਦਾ ਹੋਏ ਸਨ। ਉਹਨਾਂ ਦੁਆਰਾ ਗੁਰਿਆਈ ਆਪਣੇ ਪੋਤਰੇ ਬਾਬਾ ਗੁਰਦਿੱਤਾ ਜੀ ਦੇ ਪੁੱਤਰ ਹਰਿ ਰਾਏ ਸਾਹਿਬ ਨੂੰ ਦਿੱਤੀ ਗਈ। ਉਸ ਸਮੇਂ ਮਾਤਾ ਜੀ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਨਮ ਸਮੇਂ ਦੇ ਉਚਾਰਨ ਕੀਤੇ ਹੋਏ ਭਵਿੱਖ ਦੇ ਵਾਕ ਯਾਦ ਕਰਵਾਏ ਗਏ। ਗੁਰੂ ਜੀ ਨੇ ਮਾਤਾ ਜੀ ਨੂੰ ਹੌਸਲਾ ਦਿੰਦੇ ਹੋਏ ਆਖਿਆ ਸੀ ਕਿ ਆਪ ਜੀ ਨੂੰ ਗੁੱਰਤਾ ਗੱਦੀ ਮਿਲਣ ਦਾ ਸਹੀ ਸਮਾਂ ਅਜੇ ਆਉਣਾ ਹੈ ਤੇ ਕਿਹਾ ਗਿਆ ਕਿ ਤੁਸੀਂ ਆਪ ਜੀ ਨੂੰ ਲੈ ਕੇ ਬਕਾਲੇ ਚਲੇ ਜਾਉ। ਮਾਤਾ ਜੀ ਹੁਕਮ ਦੀ ਪਾਲਨਾ ਕਰਦੇ ਹੋਏ ਆਪ ਜੀ ਨੂੰ ਬਕਾਲੇ ਲੈ ਕੇ ਚਲੇ ਗਏ। ਉੱਥੇ ਆਪ ਜੀ ਭਾਈ ਮਿਹਰਾ ਦੇ ਘਰ ਰਹੇ। ਉਥੇ ਹੀ ਆਪ ਜੀ ਨੇ ਇਕ ਭੋਰਾ ਖੁਦਵਾਇਆ ਅਤੇ 21 ਸਾਲ ਭੋਰੇ ਵਿਚ ਹੀ ਆਪ ਨੇ ਕਠਿਨ ਤਪੱਸਿਆ ਕੀਤੀ। ਸੱਤਵੇਂ ਗੁਰੂ ਹਰ ਰਾਏ ਤੋਂ ਬਾਅਦ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਨਾਨਕ ਗੱਦੀ ਤੇ ਬਿਰਾਜਮਾਨ ਹੋਏ। ਗੁਰੂ ਹਰਿਕ੍ਰਿਸ਼ਨ ਜੀ ਬਹੁਤ ਛੋਟੀ ਉਮਰ ਵਿਚ ਜੋਤੀ ਜੋਤ ਸਮਾ ਗਏ ਸਨ। ਜਦੋਂ ਗੁਰੂ ਜੀ ਤੋਂ ਨਾਨਕ ਦੀ ਗੱਦੀ ਦੇ ਅਗਲੇ ਵਾਰਿਸ ਬਾਰੇ ਪੁਛਿਆ ਗਿਆ ਤਾਂ ਗੁਰੂ ਜੀ ਕੇਵਲ 'ਬਾਬਾ ਬਕਾਲਾ' ਕਹਿ ਕੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਅੱਠਵੇਂ ਗੁਰੂ ਤੋਂ ਬਾਬਾ ਬਕਾਲਾ ਸੁਣ ਕੇ 22 ਸੋਢੀ ਤੇ ਮਸੰਦ ਬਕਾਲੇ ਪਹੁੰਚ ਕੇ ਨੌਂਵੇ ਗੁਰੂ ਹੋਣ ਦਾ ਦਾਅਵਾ ਕਰਕ ਲੱਗੇ। ਸਿੱਖ ਸੰਗਤਾਂ ਵਿਚ ਨੌਵੇ ਗੁਰੂ ਦੀ ਭਾਲ ਨੂੰ ਲੈ ਕੇ ਕਾਫ਼ੀ ਨਿਰਾਸਤਾ ਫੈਲ ਗਈ। ਸੰਗਤਾਂ ਵਿਚ ਸੱਚੇ ਗੁਰੂ ਦੀ ਭਾਲ ਬੜੀ ਤੀਬਰਤਾ ਵਿਚ ਹੋ ਰਹੀ ਸੀ।

ਸੰਗਤਾਂ ਦੀ ਨਿਰਾਸਤਾ ਨੂੰ 'ਆਸ' ਵਿਚ ਮੱਖਣ ਸ਼ਾਹ ਲੁਬਾਣੇ ਨੇ ਬਦਲਿਆ। ਉਸ ਨੇ ਜਹਾਜ਼ ਨੂੰ ਡੁੱਬਣ ਤੋਂ ਬਚਾਉਣ ਲਈ ਸ੍ਰੀ ਗੁਰੂ ਨਾਨਕ ਗੱਦੀ ਦੇ ਧਾਰਨੀ ਅੱਗੇ 500 ਮੋਹਰਾ ਦੀ ਸੁੱਖਣਾ ਸੁੱਖੀ। ਉਸ ਦੀ ਅਰਦਾਸ ਗੁਰੂ ਘਰ ਵਿਚ ਪ੍ਰਵਾਨ ਹੋ ਗਈ। ਮੱਖਣ ਸ਼ਾਹ ਸ਼ੁਕਰਾਨੇ ਅਤੇ ਗੁਰੂ ਦੇ ਦਰਸ਼ਨਾਂ ਲਈ ਬਕਾਲੇ ਆ ਗਿਆ। ਬਕਾਲੇ ਆ ਕੇ ਉਹ 22 ਮੰਜੀਆ ਨੂੰ ਦੇਖ ਕੇ ਬਹੁਤ ਨਿਰਾਸ਼ ਹੋਇਆਂ। ਉਸ ਨੇ 22 ਭੇਖੀਆਂ ਦੀ ਪਰਖ ਲਈ ਹਰ ਕਿਸੇ ਅੱਗੇ 2-2 ਮੋਹਰਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਕਿਸੇ ਵੀ ਪਾਖੰਡੀ ਵੱਲੋਂ ਉਸ ਦੇ ਹਿਰਦੇ ਨੂੰ ਠੰਢ ਨਾ ਪਈ। ਮੱਖਣ ਸ਼ਾਹ ਦੇ ਹਿਰਦੇ ਵਿਚ ਗੁਰੂ ਦੀ ਭਾਲ ਦੀ ਇਛਾ ਪਹਿਲਾਂ ਨਾਲੋਂ ਵਧੇਰੇ ਹੋ ਗਈ। ਉਹ ਬਕਾਲੇ ਵਿਚ ਇੱਧਰ ਉਧਰ ਘੁੰਮਦਾ ਰਿਹਾ। ਇਕ ਦਿਨ ਉਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਪਤਾ ਲੱਗਿਆ। ਉਹ ਤਰੁੰਤ ਉਨ੍ਹਾਂ ਕੋਲ ਪਹੁੰਚ ਗਿਆ। ਉਸ ਨੇ ਦੋ ਮੋਹਰਾਂ ਨਾਲ ਗੁਰੂ ਜੀ ਅੱਗੇ ਮੱਥਾ ਟੇਕਿਆ । ਨਾਨਕ ਦੀ ਗੱਦੀ ਨਸ਼ੀਨ ਨੇ ਉਸ ਨੂੰ ਯਾਦ ਕਰਵਾਇਆ ਕਿ ਸੁਖੀਆਂ ਤੇ 500 ਮੋਹਰਾਂ ਤੇ ਅੱਜ ਸਿਰਫ਼ 2 ਚੜਾ ਰਿਹਾ ਹੈ। ਮੱਖਣ ਸ਼ਾਹ ਉਸੇ ਵੇਲੇ ਗੁਰੂ ਜੀ ਦੇ ਚਰਨਾਂ ਵਿਚ ਢਹਿ ਗਿਆ ਅਤੇ ਬੋਲਿਆ 'ਗੁਰੂ ਲਾਧੋ ਰੇ ਗੁਰੂ ਲਾਧੋ ਰੇ'। ਇਸ ਤਰ੍ਹਾਂ ਮੱਖਣ ਸ਼ਾਹ ਨੇ ਨੌਂਵੇ ਗੁਰੂ ਜੀ ਨੂੰ ਲੱਭਿਆ। ਸ੍ਰੀ ਗੁਰੂ ਤੇਗ ਬਹਾਦਰ ਜੀ 43 ਸਾਲ ਦੀ ਉਮਰ ਵਿਚ ਨਾਨਕ ਦੀ ਗੱਦੀ ਦੇ ਵਾਰਿਸ ਬਣੇ। ਗੱਦੀ ਤੇ ਬਿਰਾਜਮਾਨ ਹੋ ਕੇ ਗੁਰੂ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਅਨੇਕਾਂ ਸਥਾਨਾਂ ਦੀ ਯਾਤਰਾ ਕੀਤੀ। ਗੁਰੂ ਜੀ ਦੇ ਸਮੇਂ ਔਰੰਗਜੇਬ ਦਾ ਜ਼ੁਲਮ ਬਹੁਤ ਵੱਧ ਗਿਆ ਸੀ। ਮੁਗਲ ਸ਼ਾਸ਼ਕ ਨੇ ਇਹ ਸੋਚ ਲਿਆ ਕਿ ਹਰ ਇਕ ਵਿਅਕਤੀ ਨੂੰ ਸੁੰਨੀ ਮੁਸਲਮਾਨ ਬਣਾਉਂਣਾ ਹੈ। ਕਸ਼ਮੀਰ ਦੇ ਪੰਡਿਤ ਗਵਰਨਰ ਸ਼ਾਹ ਅਫ਼ਗਾਨ ਦੀ ਮਜ਼ਬੂਰਨ ਮੁਸਲਮਾਨ ਬਣਾਉਂਣ ਦੀ ਨੀਤੀ ਤੋਂ ਤੰਗ ਆ ਗਏ ਸਨ। ਉਹ ਇਕੱਠੇ ਹੋ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਫ਼ਰਿਆਦ ਲੈ ਕੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਉਹਨਾਂ ਨੂੰ 'ਧਰਮ ਰੱਖਿਆ' ਦਾ ਬਾਅਦਾ ਦਿੰਦਿਆਂ ਕਿਹਾ ਕਿ ਔਰੰਗਜ਼ੇਬ ਨੂੰ ਜਾ ਕੇ ਕਹੋ ਕਿ ਪਹਿਲਾਂ ਸਾਡੇ ਧਰਮ ਦੇ ਰਹਿਬਰ ਸ੍ਰੀ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੋ। ਜੇਕਰ ਸਾਡੇ ਰਹਿਬਰ ਮੁਸਲਮਾਨ ਬਣ ਗਏ ਤਾਂ ਅਸੀਂ ਵੀ ਸਾਰੇ ਹਿੰਦੂ ਤੁਹਾਡਾ ਧਰਮ ਅਪਣਾ ਲਵਾਂਗੇ। ਇਸ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰੂ ਜੀ ਦੀ ਗ੍ਰਿਫ਼ਤਾਰੀ ਬਾਰੇ ਵਿਦਿਵਾਨਾਂ ਦੇ ਵੱਖ- ਵੱਖ ਵਿਚਾਰ ਹਨ। ਜਿਵੇਂ ਕੁਝ ਵਿਦਵਾਨਾਂ ਅਨੁਸਾਰ," ਗੁਰੂ ਸਾਹਿਬ ਨੂੰ ਰੋਪੜ ਦੇ ਨੇੜੇ ਮਲਕਪੁਰ ਦੀ ਜੂਹ ਵਿਚ ਕੁਝ ਸਿੱਖਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ।"[3]

ਦੂਜਾ ਹਵਾਲੇ ਅਨੁਸਾਰ, "ਗੁਰੂ ਜੀ ਆਪ ਆਗਰੇ ਵੱਲ ਗ੍ਰਿਫ਼ਤਾਰ ਹੋਣ ਲਈ ਗਏ ਆਪ ਨੂੰ ਆਗਰੇ ਤੋਂ ਗ੍ਰਿਫ਼ਤਾਰ ਕੀਤਾ ਗਿਆ।"[4]

ਭੱਟ ਵਹੀ ਅਨੁਸਾਰ, "ਗੁਰੂ ਤੇਗ ਬਹਾਦਰ ਮਹਲ ਨਾਵਾਂ ਕੋ ਨੂਰ ਮਹੁੰਮਦ ਖ਼ਾਂ ਮਿਰਜ਼ਾ ਚੌਂਕੀ ਰੋਪੜ ਵਾਲੋਂ ਨੇ 1732 ਸਾਵਣ ਪ੍ਰਵਿਸ਼ਟੇ 12 ਕੋ ਮਲਕਪੁਰ ਪਰਗਣਾ ਘਨੌਲਾ ਸੇ ਪਕੜ ਕਰ ਸਰਹੰਦ ਪਹੁੰਚਾਇਆ ਸਾਥ ਸਤੀਦਾਸ, ਮਤੀਦਾਸ, ਹੀਰਾ ਮਲ ਕੇ, ਸਾਥ ਦਿਆਲ ਦਾਸ ਬੇਟਾ ਮਾਈਦਾਸ ਬਲਊਤ ਕਾ, ਪਕੜਿਆ, ਸਰਹੰਦ ਆਇਆ। ਚਾਰ ਮਾਸ ਸਰਹੰਦ ਔਰ ਦਿੱਲੀ ਕੇ ਬੰਦੀਖ਼ਾਨੇ ਮੇ ਰਹੇ।"[5]

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 11 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸਮਾਣੇ ਦੇ ਜਲਾਦ ਜੱਲਾਲਦੀਨ ਨੇ ਤਲਵਾਰ ਨਾਲ ਸਿਰ ਧੜ ਤੋਂ ਅਲੱਗ ਕਰ ਕੇ ਸ਼ਹੀਦ ਕਰ ਦਿੱਤਾ।

**ਬਾਣੀ ਬਿਊਰਾ :-** ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹ ਬਾਣੀ ਸੰਪੂਰਨ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਾਲੀ ਬੀੜ ਵਿਚ ਭਾਈ ਮਨੀ ਸਿੰਘ ਹੱਥੋਂ ਸੰਨ 1706 ਵਿਚ ਅੰਕਿਤ ਕਰਵਾਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਕਾਰ ਪੱਖੋ ਇੰਨੀ ਹੈ ਕਿ ਇਸ ਵਿਚ 59 ਪਦੇ, 57 ਸਲੋਕ ਹਨ। ਗੁਰੂ ਜੀ ਵੱਲੋਂ ਰਾਗ ਗਾਉੜੀ ਵਿਚ ਮਨ ਦਾ ਹੰਕਾਰ ਤਿਆਗਣ ਬਾਬਤ ਚਰਚਾ ਕੀਤੀ ਹੈ। ਰਾਗ ਆਸਾ ਵਿਚ ਮਨੁੱਖੀ ਮਨ ਵਿਚ ਉਪਜੀ ਪੀੜਾ ਕਿਸ ਨਾਲ ਸਾਂਝੀ ਕੀਤੀ ਜਾਏ,ਰਾਗ ਗੰਧਾਰੀ ਵਿਚ ਮਨੁੱਖੀ ਮਨ ਨੂੰ ਸਮਝਾਇਆ ਗਿਆ ਹੈ ਕਿ ਪ੍ਰਭੂ ਦੇ ਜਸ ਬਰਾਬਰ ਕੋਈ ਵਸਤੂ ਨਹੀਂ, ਰਾਗੁ ਬਿਹਾਗੜਾ ਵਿਚ ਪ੍ਰਭੂ ਦੀ ਅਨੇਕਤਾ ਬਾਬਤ ਸਮਝਾਇਆ ਗਿਆ ਹੈ। ਰਾਗੁ ਧਨਾਸਰੀ ਵਿਚ ਦੱਸਿਆ ਗਿਆ ਹੈ ਕਿ ਪ੍ਰਭੂ ਦੀ ਜੋਤ ਮਨੁੱਖ ਦੇ ਅੰਦਰ ਹੀ ਹੈ। ਰਾਗ ਜੈਤਸਰੀ ਵਿਚ ਬਿਆਨ ਕੀਤਾ ਗਿਆ ਹੈ ਕਿ ਪਰਮਾਤਮਾ ਸਾਡੇ ਨੇੜੇ ਹੈ। ਰਾਗੁ ਟੋਡੀ ਵਿਚ ਦੱਸਿਆ ਗਿਆ ਹੈ ਕਿ ਪ੍ਰਭੂ ਤੋਂ ਵਿਛੜ ਕੇ ਮਨੁਖੀ ਮਨ ਕਿਸ ਤਰ੍ਹਾਂ ਗਿਰਾਵਟ ਵੱਲ ਵੱਧਦਾ ਹੈ। ਰਾਗੁ ਤਲੰਗ ਵਿਚ ਗੁਰੂ ਜੀ ਦੱਸਦੇ ਹਨ ਕਿ ਮਨੁੱਖੀ ਮਨ ਨੂੰ ਅਣਗਿਹਲੀ ਛੱਡ ਕੇ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ। ਰਾਗੁ ਬਿਲਾਵਲ ਵਿਚ ਦੱਸਦੇ ਹਨ ਕਿ ਪ੍ਰਭੂ ਦਾ ਨਾਮ ਸਿਮਰਨ ਕਰਕੇ ਵੱਡੇ-ਵੱਡੇ ਪਾਪੀ ਤਰ ਜਾਂਦੇ ਹਨ। ਗੁਰੂ ਜੀ ਰਾਮਕਲੀ ਵਿਚ ਸਮਝਾ ਰਹੇ ਹਨ ਕਿ ਪ੍ਰਭੂ ਦੀ ਓਟ ਲੈਣ ਨਾਲ ਮਨੁੱਖ ਮੁਕਤ ਹੋ ਜਾਂਦਾ ਹੈ। ਰਾਗੁ ਮਾਰੂ ਵਿਚ ਦੱਸਦੇ ਹਨ ਕਿ ਵੱਡੇ ਵੱਡੇ ਪਾਪੀ ਪ੍ਰਭੂ ਦੇ ਸਿਮਰਨ ਨਾਲ ਕਸ਼ਟਾਂ ਤੋਂ ਬਚ ਜਾਂਦੇ ਹਨ। ਰਾਗੁ ਬਸੰਤ ਵਿਚ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਮਨੁੱਖ ਆਪਣੇ ਹਿਰਦੇ ਵਿਚ ਵੱਸਦੇ ਹਰੀ ਨਾਲ ਲੀਵ ਲਾਉਣੀ ਚਾਹੀਦੀ ਹੈ। ਰਾਗੁ ਸਾਰੰਗ ਵਿਚ ਮਨੁੱਖ ਨੂੰ ਸੰਸਾਰਕ ਰਿਸ਼ਤਿਆਂ ਵਿਚ ਦਿਲ ਨਹੀਂ ਲਾਉਂਣਾ ਚਾਹੀਦਾ। ਰਾਗੁ ਜੈਜਾਵੰਤੀ ਅਤੇ ਸ਼ਲੋਕਾਂ ਵਿਚ ਗੁਰੂ ਜੀ ਵੱਲੋਂ ਮਨੁੱਖ ਨੂੰ ਮਾਇਆ ਦੇ ਰਸਾਂ ਵੱਲੋਂ ਉਪਰਾਮ ਰਹਿ ਕੇ ਪਰਮਾਤਮਾ ਦੀ ਭਗਤੀ ਕਰਨ ਦੀ ਤਾਕੀਦ ਗਈ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਹਿੰਦੂ ਸ਼ਬਦਾਂ ਦੀ ਭਰਮਾਰ ਹੈ। ਇਸ ਬਾਰੇ ਹਿੰਦੂ ਮਿਥਿਹਾਸ ਤੇ ਇਤਿਹਾਸ ਵਿਚ ਬਹੁਤ ਸਾਰੇ ਸੰਕੇਤ ਮਿਲਦੇ ਹਨ। ਉਹਨਾਂ ਦੀ ਬਾਣੀ ਵਿਚ ਗਜ, ਅਜ਼ਾਮਲ, ਦਰੋਪਤੀ, ਧਰੂ ਆਦਿ ਹਿੰਦੀ ਸ਼ਬਦਾਂ ਦੇ ਹਵਾਲੇ ਮਿਲਦੇ ਹਨ। ਆਦਿ ਗ੍ਰੰਥ ਵਿਚ ਇਹਨਾਂ ਸ਼ਬਦਾਂ ਦਾ ਹਵਾਲਾ ਮਿਲਦਾ ਹੈ-

ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ।[6] (ਅੰਗ 632)

ਅਜ਼ਾਮਲ ਕਉ ਅੰਤਿ ਕਾਲ ਮਹਿ ਨਰਾਇਣ ਸੁਧ ਆਈ।[7] (ਅੰਗ 1182)

ਉਪਰੋਕਤ ਟੁਕਾਂ ਤੋਂ ਸੰਕੇਤ ਮਿਲਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਗੁਰਗੱਦੀ ਸੰਭਾਲਦਿਆ ਹੀ ਸਭ ਤੋਂ ਪਹਿਲਾਂ ਪੂਰਬੀ ਭਾਰਤ ਵੱਲ ਕੀਤਾ। ਉਹਨਾਂ ਨੇ ਹਿੰਦੂ ਲੋਕਾਂ ਨੂੰ ਬਾਣੀ ਰਾਹੀਂ ਸੰਦੇਸ਼ ਦਿੱਤਾ। ਇਹ ਕਾਰਨ ਹੈ ਕਿ ਗੁਰੂ ਜੀ ਦੀ ਬਾਣੀ ਵਿਚ ਹਿੰਦੂ ਸ਼ਬਦਾਂ ਦੀ ਭਰਮਾਰ ਹੈ। ਗੁਰੂ ਜੀ ਵੱਲੋਂ ਬਿਨਾ ਕਿਸੇ ਭੇਦ ਭਾਵ ਤੇ ਸਿੱਖੀ ਦਾ ਪ੍ਰਚਾਰ ਕੀਤਾ ਗਿਆ ਸੀ। ਹਿੰਦੂ ਪੰਡਿਤਾਂ ਦਾ ਦਰਦ ਉਨ੍ਹਾਂ ਦਾ ਆਪਣਾ ਦਰਦ ਹੋ ਨਿਬੜਦਾ ਹੈ। ਉਹਨਾਂ ਦੇ ਹਿੰਦੂ ਸਥਾਨਾਂ ਦਾ ਰਟਨ ਕੀਤਾ ਜਿਹੜਾ ਕਿਤੇ ਨਾ ਕਿਤੇ ਇਹ ਸੰਕੇਤ ਕਰਦਾ ਹੈ ਕਿ ਹਿੰਦੂ ਸ਼ਬਦਾਂ ਦੀ ਭਰਮਾਰ ਬਾਣੀ ਵਿਚ ਹੋਣਾ ਹੈ ਅਤੇ ਹਿੰਦੂ ਸਥਾਨਾਂ ਤੇ ਬਾਣੀ ਰਾਹੀਂ ਉਪਦੇਸ਼ ਦੇਣਾ। ਤੀਜਾ ਹਿੰਦੂ ਧਰਮ ਦੀ ਰੱਖਿਆ ਲਈ ਬਲੀਦਾਨ ਦੇਣਾ। ਇਸ ਨਾਲ ਇਹੀ ਸਾਬਿਤ ਹੁੰਦਾ ਹੈ ਕਿ ਸ਼ਹੀਦੀ ਦੇ ਬੀਜ ਉਹਨਾਂ ਦੁਆਰਾ ਕੀਤੀ ਗਈ ਹਿੰਦੂ ਸਥਾਨਾਂ ਦੀ ਯਾਤਰਾ ਰਾਹੀਂ ਪਹਿਲਾਂ ਬੀਜ ਬੀਜੇ ਜਾ ਚੁੱਕੇ ਸਨ। ਜੈਜਾਵੰਤੀ ਰਾਗੁ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਇਖ਼ਤਿਆਰ ਕੀਤਾ ਗਿਆ ਹੈ ਜੋ ਗੁਰੂ ਗ੍ਰੰਥ ਸਾਹਿਬ ਦਾ 31ਵਾਂ ਰਾਗੁ ਸੰਕਲਿਤ ਹੁੰਦਾ ਹੈ। ਗੁਰੂ ਜੀ ਦੀ ਬਾਣੀ ਸੰਗੀਤਮਈ ਹੈ। ਜੋ ਮਨੁੱਖ ਦੇ ਮਨ ਤੇ ਗਹਿਰਾ ਅਸਰ ਕਰਦੀ ਹੈ।

**ਸ੍ਰੀ ਗੁਰੂ ਤੇਗ ਬਹਾਦਰ ਦੇਵ ਜੀ ਦੁਆਰਾ ਬਿਨਸਨਹਾਰ ਜਗਤ ਦੀ ਵਿਆਖਿਆ :** ਸ੍ਰੀ ਗੁਰੂ ਤੇਗ ਬਹਾਦਰ ਜੀ ਜਗਤ ਨੂੰ ਪਰਮਾਰਥਕ ਸੱਤ ਨਹੀਂ ਸਗੋਂ ਵਿਵਹਾਰਿਕ ਸੱਤ ਮੰਨਦੇ ਹਨ। ਵਿਵਹਾਰਕ ਸੱਤਾ ਉਹ ਹੁੰਦੀ ਹੈ ਜੋ ਇਸ ਜਗਤ ਦੇ ਸਮਸਤ ਵਿਵਹਾਰ ਗੋਚਰ ਪਦਾਰਥਾਂ ਵਿਚ ਵਿਦਮਾਨ ਹੁੰਦੀ ਹੈ। ਪਰਮਾਰਥਕ ਸੱਤਾ ਪਦਾਰਥਾਂ ਤੋਂ ਵਿਲੱਖਣ ਇਕ ਹੋਰ ਵਸਤੂ ਹੈ ਜੋ ਤ੍ਰੈਕਾਲਾਂ ਤੋਂ ਅਜੀਤ ਤੱਕ ਰਹਿੰਦੀ ਹੈ। ਉਹ ਭੂਤ, ਭਵਿੱਖ, ਵਰਤਮਾਨ ਤਿੰਨੇ ਕਾਲਾਂ ਵਿਚ ਇਕੋ ਰੂਪ ਵਿਚ ਰਹਿਣ ਵਾਲਾ ਬ੍ਰਹਮ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਵਿਵਹਾਰਕ ਸੱਤਾ ਨੂੰ ਸਵੀਕਾਰਦੇ ਹੋਏ ਆਖਦੇ ਹਨ ਕਿ ਪਰਮਾਰਥਕ ਸੱਚ ਤਾਂ ਕੇਵਲ ਬ੍ਰਹਮ ਹੈ ਜੋ ਅਪਰਿਵਰਤਨਸ਼ੀਲ ਹੈ,

ਪਰਿਣਾਮੀ ਹੈ, ਅਬਿਨਾਸੀ ਹੈ, ਅਚੱਲ ਹੈ, ਸਦਾ ਸਥਿਰ ਹੈ, ਪਰੰਤੂ ਵਿਵਹਾਰਕ ਸੱਤਾ ਵਾਲਾ ਜਗਤ ਤਾਂ ਬਿਨਸਨਹਾਰ ਹੈ, ਨਾਸ਼ਮਾਨ ਹੈ, ਗਤੀਸ਼ੀਲ ਹੈ, ਝੂਠਾ ਹੈ, ਅਸਥਿਰ ਹੈ। ਵਿਵਹਾਰਕ ਅਰਥਾਂ ਵਿਚ ਗੁਰੂ ਜੀ ਨੇ ਜਗਤ ਨੂੰ ਜਲ ਦਾ ਬੁਲਬਲਾ, ਸੁਪਨਾ, ਧੂਏ ਦਾ ਪਹਾੜ, ਬਾਰੂ ਕੀ ਭਤਿ ਆਦਿ ਸ਼ਬਦਾਂ ਵਿਚ ਅਭਿਵਿਅਕਤ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਜੜ੍ਹ ਅਥਵਾ ਅਚੇਤਨ ਸ੍ਰਿਸਟੀ ਸੰਬੰਧੀ ਸੰਕੇਤ ਪ੍ਰਾਪਤ ਨਹੀਂ ਹੁੰਦੇ ਪਰੰਤੂ ਚੇਤਨ ਸ੍ਰਿਸਟੀ ਅਰਥਾਤ ਦੇਹਧਾਰੀ ਜੀਵ ਦੀ ਉਤਪਤੀ ਅਤੇ ਵਿਨਾਸ਼ ਦੇ ਸੰਕੇਤ ਮਿਲਦੇ ਹਨ। ਗੁਰੂ ਜੀ ਬਾਣੀ ਵਿਚ ਆਖ ਰਹੇ ਹਨ ਕਿ ਪੰਜ ਤੱਤਾਂ ਦਾ ਪੁਤਲਾ ਜਿਸ ਤੋਂ ਵਿਅਕਤੀ ਦੇ ਸਰੀਰ ਦੀ ਸਿਰਜਨਾ ਹੁੰਦਾ ਹੈ। ਅੰਤ ਸਮੇਂ ਇਕ ਵਾਰ ਉਹੀ ਸਰੀਰ ਜਿਸ ਤੋਂ ਉਪਜਦਾ ਹੈ, ਉਸ ਵਿਚ ਹੀ ਲੀਨ ਹੋ ਜਾਂਦਾ ਹੈ। ਗੁਰੂ ਜੀ ਬਾਣੀ ਵਿਚ ਇਸ ਤਰ੍ਹਾਂ ਫੁਰਮਾ ਰਹੇ ਹਨ-

ਪਾਂਚ ਤਤ ਕੋ ਤਨੁ ਰਚਿਓ,ਜਾਨਹੁ ਚਤੁਰ ਸੁਜਾਨ।

ਜਿਹ ਤੇ ਉਪਜਿਓ ਨਾਨਕ,ਲੀਨ ਤਾਹਿ ਰਹਿ ਮਾਨ।[11]

ਗੁਰੂ ਜੀ ਆਪਣੀ ਬਾਣੀ ਵਿਚ ਜਗਤ ਦੀ ਰਚਨਾ ਨੂੰ ਇਕ ਪਾਣੀ ਦੇ ਬੁਲਬੁਲੇ ਨਾਲ ਤੁਲਨਾਉਂਦੇ ਹਨ। ਉਹ ਆਖਦੇ ਹਨ ਕਿ ਜਿਸ ਤਰ੍ਹਾਂ ਪਾਣੀ ਦਾ ਬੁਲਬੁਲਾ ਹਮੇਸ਼ਾ ਉਪਜਦਾ ਅਤੇ ਬਿਨਸਦਾ ਰਹਿੰਦਾ ਹੈ। ਉਸ ਤਰ੍ਹਾਂ ਜਗਤ ਵੀ ਉਪਜਦਾ ਅਤੇ ਬਿਨਸਦਾ ਰਹਿੰਦਾ ਹੈ। ਇਸ ਉਪਜਣ ਅਤੇ ਬਿਨਸਣ ਵਿਚ ਹੀ ਸਦ- ਅਸਥਿਰਤਾ ਕਾਇਮ ਰਹਿੰਦੀ ਹੈ। ਗੁਰੂ ਜੀ ਬਾਣੀ ਵਿਚ ਆਖਦੇ ਹਨ-

ਜੈਸੇ ਜਲ ਤੇ ਬੁਲਬੁਲਾ,ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ, ਕਹੁ ਨਾਨਕ ਸੁਨਿ ਮੀਤ।[12]

ਗੁਰੂ ਜੀ ਬਾਣੀ ਵਿਚ ਜਗਤ ਦੀ ਰਚਨਾ ਵਿਚ ਬਾਣੀ ਵਿਚ ਆਖ ਰਹੇ ਹਨ ਕਿ ਜਗਤ ਬਿਨਸਨਹਾਰ ਹੈ। ਬਿਨਸਨਹਾਰ ਤੋਂ ਭਾਵ ਜਗਤ ਦੀ ਅਸਥਿਰਤਾ ਤੋਂ ਹੈ। ਸ੍ਰਿਸ਼ਟੀ ਦੋ ਤਰ੍ਹਾਂ ਦੀ ਹੁੰਦੀ ਹੈ। ਚੇਤਨ ਤੇ ਅਚੇਤਨ। ਚੇਤਨ ਵਿਚ ਮਾਨਵ, ਜੀਵ, ਪ੍ਰਾਣੀ ਆਦਿ ਆਉਂਦੇ ਹਨ। ਅਤੇ ਅਚੇਤਨ ਦੇ ਅੰਤਰਗਤ ਬਨਸਪਤੀ ਅਤੇ ਦੁਨਿਆਵੀ ਪਦਾਰਥ ਆਉਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਜੀ ਆਪਣੀ

ਬਾਣੀ ਵਿਚ ਦੋਵੇਂ ਪ੍ਰਕਾਰ ਦੀ ਸ੍ਰਿਸ਼ਟੀ ਅਸਥਿਰ ਸਵੀਕਾਰ ਕਰਦੇ ਹਨ। ਉਹਨਾਂ ਅਨੁਸਾਰ ਸਥਿਰਤਾ ਕਿਸੇ ਵਿਚ ਵੀ ਨਹੀਂ ਹੈ। ਗੁਰੂ ਜੀ ਦੀ ਬਾਣੀ ਵਿਚ ਸ੍ਰਿਸ਼ਟੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ-

ਰਾਮ ਗਇਓ ਰਾਵਨ ਗਇਓ।।

ਜਾ ਕਹੁ ਬਹੁ ਪਰਵਾਰੁ।[13]

ਅਤੇ

ਜੋ ਉਪਜਿਓ ਸੋ ਬਿਨਸਿ ਹੈ,ਪਰੋ ਆਜ ਕੈ ਕਾਲਿ।[14]

ਗੁਰੂ ਜੀ ਆਪਣੀ ਬਾਣੀ ਵਿਚ ਦੇਹਧਾਰੀ ਜੀਵਨ ਦੀ ਨਾਸ਼ਮਾਨਤਾ ਵੱਲ ਵੀ ਸੰਕੇਤ ਕਰਦੇ ਹਨ-

ਤਨੁ ਬਿਨਸੈ ਜਮ ਸਿਉ ਪਰੈ ਕਾਮ।[15]

ਅਤੇ

ਨਾਨਕ ਜਨੁ ਕਹਤੁ ਬਾਤ, ਬਿਨਸਿ ਜੈਹੇ ਤੇਰੋ ਗਾਤ।[16]

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਸਮੇਂ ਅਤੇ ਉਮਰ ਆਦਿ ਦੀ ਅਸਥਿਰਤਾ ਵੱਲ ਵੀ ਅਨੇਕਾਂ ਸੰਕੇਤ ਕਰਦੇ ਹਨ। ਉਹਨਾਂ ਅਨੁਸਾਰ ਵਿਅਕਤੀ ਦੀ ਉਮਰ ਸਮੇਂ ਦੇ ਨਾਲ ਹਰ ਰੋਜ ਘੱਟਦੀ ਜਾ ਰਹੀ ਹੈ। ਜਿਸ ਤਰ੍ਹਾਂ ਕੱਲ ਬੀਤ ਗਿਆ ਉਸੇ ਤਰ੍ਹਾਂ ਅੱਜ ਵੀ ਬੀਤ ਜਾਵੇਗਾ। ਗੁਰੂ ਜੀ ਸਮੇਂ ਅਤੇ ਵਿਅਕਤੀ ਦੀ ਉਮਰ ਬਾਰੇ ਬਾਣੀ ਵਿਚ ਹੇਠ ਲਿਖੇ ਅਨੁਸਾਰ ਆਖਦੇ ਹਨ-

ਛਿਨ ਛਿਨੁ ਕਰਿ ਗਇਓ, ਕਾਲ ਜੈਸੇ ਜਾਤ ਆਜੁ ਹੈ।[17]

ਅਤੇ

ਕਹੁ ਨਾਨਕ ਸੁਨੁ ਤੇ ਮਨਾ ਅਉਧ ਘਾਟਤ ਹੈ ਨੀਤ।[18]

ECONSPEAK: A Journal of Advances in Management IT & Social Sciences,
Vol. 13, Issue 2, February 2023 Impact Factor 8.049 ISSN: (2231-4571)
www.skirec.org Email Id: skirec.org@gmail.com

ਉਮਰ ਬਾਰੇ ਇਸ ਤਰ੍ਹਾਂ ਫ਼ੁਰਮਾਉਂਦੇ ਹਨ-

ਬਾਲ ਜੁਆਨੀ ਅਰੁ ਬਿਰਧਿ, ਫੁਨਿ ਤੀਨਿ ਅਵਸਥਾ ਜਾਨਿ।

ਕਹੁ ਨਾਨਕ ਹਰਿ ਭਜਨ ਬਿਨੁ, ਬਿਰਥਾ ਸਭ ਹੀ ਮਾਨ।[19]

ਗੁਰੂ ਜੀ ਅੱਗੇ ਬਾਣੀ ਵਿਚ ਉਚਾਰਨ ਕਰਦੇ ਹਨ ਕਿ ਦ੍ਰਿਸ਼ਟਮਾਨ ਜਗਤ ਅਤੇ ਇਸ ਵਿਚ ਬਿਨਸੇ ਹੋਏ ਸਾਰੇ ਪਦਾਰਥ ਵੀ ਬਿਨਸਨਹਾਰ ਹੈ।

ਜੋ ਦੀਸੈ ਸੋ ਸਗਲ ਬਿਨਸੈ ਜਿਉ ਬਾਦਰ ਕੀ ਛਾਹੀ।[20]

ਇਸ ਦੇ ਵਿਪਰੀਤ ਗੁਰੂ ਜੀ ਅਦ੍ਰਿਸ਼ਟ ਬ੍ਰਹਮ ਨੂੰ ਸੱਤ ਅਤੇ ਸਦਾ ਸਥਿਰ ਰਹਿਣ ਵਾਲਾ ਦਰਸਾਇਆ ਹੈ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।

ਇਨ ਮਹਿ ਕਛੁ ਸਾਚੋ ਨਹੀਂ, ਨਾਨਕ ਬਿਨੁ ਭਗਵਾਨ।[20]

ਇੰਝ ਸ੍ਰੀ ਗੁਰੂ ਤੇਗ ਬਹਾਦਰ ਜੀ ਅਦ੍ਰਿਸ਼ਟ ਸੱਤਾ ਅਤੇ ਸਦਾ ਸਥਿਰਤਾ ਦੇ ਵਿਪਰੀਤ ਦ੍ਰਿਸ਼ਟ ਜਗਤ ਦੀ ਬਿਨਸਨਹਾਰਤਾ ਨੂੰ ਹੋਰ ਵੀ ਪ੍ਰਭਾਵਸ਼ਾਲੀ ਰੂਪ ਵਿਚ ਬਾਣੀ ਵਿਚ ਪੇਸ਼ ਕਰਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ 'ਜਗਤ' ਨੂੰ ਸੁਪਨੇ ਨਾਲ ਤੁਲਨਾਉਂਦੇ ਹਨ। ਉਹਨਾਂ ਅਨੁਸਾਰ ਜਗਤ ਸੁਪਨੇ ਮਾਤਰ ਹੈ। ਜਿਵੇਂ ਸੁਪਨਾ ਥੋੜ ਚਿਰ ਹੈ। ਉਸੇਂ ਤਰ੍ਹਾਂ ਇਸ ਦਿੱਖਣਯੋਗ ਜਗਤ ਦੀ ਸਥਿਰਤਾ ਵੀ ਥੋੜ ਚਿਰੀ ਹੈ। ਉਹ ਬਾਣੀ ਰਾਹੀਂ ਇਸ ਸੰਸਾਰ ਦੀ ਅਸਲ ਤਸਵੀਰ ਇਸ ਤਰ੍ਹਾਂ ਪੇਸ਼ ਕਰ ਰਹੇ ਹਨ।ਜਿਵੇਂ-

ਕਹੁ ਨਾਨਕ ਥਿਰ ਕਛੁ ਨਹੀਂ, ਸੁਪਨੇ ਜਿਉ ਸੰਸਾਰ।[22]

ਦੂਜੇ ਪਾਸੇ ਗੁਰੂ ਜੀ ਬਾਣੀ ਵਿਚ ਇਸ ਅਸਥਿਰ ਜਗਤ ਬਾਰੇ ਹੋਰ ਚਿੰਤਨ ਕਰਦੇ ਆਖਦੇ ਹਨ ਕਿ ਇਹ ਜਗਤ ਝੂਠ ਅਤੇ ਨਾਸ਼ਵਾਨ ਹੈ। ਗੁਰੂ ਜੀ ਬਾਣੀ ਵਿਚ ਇਸ ਝੂਠੇ ਜਗਤ ਦਾ ਚਿਤਰ ਹੇਠ ਲਿਖੇ ਅਨੁਸਾਰ ਪੇਸ਼ ਕਰਦੇ ਹਨ-

ਜਗ ਰਚਨਾ ਸਭ ਝੂਠ ਹੈ, ਜਾਨਿ ਲੇਹੁ ਰੇ ਮੀਤ।[23]

ਜਗਤ ਬਾਬਤ ਗੁਰੂ ਹੀ ਗੰਭੀਰ ਚਿੰਤਨ ਕਰਦੇ ਹੋਏ ਆਖਦੇ ਹਨ ਕਿ 'ਜਗਤ' ਇਕ ਤਮਾਸੇ ਵਾਂਗ ਹੈ ਜਿਸ ਤਰ੍ਹਾਂ ਜਾਦੂਗਰ ਦੁਆਰਾ ਕੀਤਾ ਜਾਣ ਵਾਲਾ ਤਮਾਸ਼ਾ ਸੱਚ ਦੀ ਨਿਆਈ ਨਹੀਂ ਹੁੰਦਾ, ਜਾਦੂਗਰ ਦਾ ਤਮਾਸ਼ਾ ਗਿਆਨ ਤੋਂ ਵਿਹੂਣੇ ਲੋਕਾਂ ਨੂੰ ਮੋਹ ਲੈਂਦਾ ਹੈ ਪਰੰਤੂ ਇਸ ਦੇ ਉਲਟ ਗਿਆਨਵਾਨ ਵਿਅਕਤੀ ਦੇ ਮਨ ਉੱਤੇ ਅਜਿਹੇ ਜਾਦੂ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਉਹਨਾਂ ਨੇ ਇਸ ਜਗਤ ਦੀ ਅਸਲੀਅਤ ਨੂੰ ਪੂਰੀ ਤਰ੍ਹਾਂ ਸਮਝ ਲਿਆ ਹੈ। ਗੁਰੂ ਜੀ ਬਾਣੀ ਵਿਚ ਫੁਰਮਾਉਂਦੇ ਹਨ-

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।[24]

ਗੁਰੂ ਜੀ ਬਾਣੀ ਵਿਚ ਇਸ ਦਿੱਖਣ ਵਾਲੇ ਜਗਤ ਨੂੰ ਧੂਏ ਦੇ ਪਹਾੜ ਨਾਲ ਤੁਲਨਾਉਂਦੇ ਹਨ ਕਿ ਜਿਸ ਤਰ੍ਹਾਂ ਧੂਏ ਦਾ ਪਹਾੜ ਨਾਸ਼ਵਾਨ ਹੈ, ਅਸਥਿਰ ਹੈ। ਉਸੇ ਤਰ੍ਹਾਂ ਇਸ ਦਿੱਖਣ ਵਾਲੇ ਜਗਤ ਦਾ ਅਸਤਿਤਵ ਵੀ ਅਸਥਿਰ ਹੈ। ਇਹ ਸਥਿਰ ਭਾਵ ਸੱਚ ਨਹੀਂ ਹੈ। ਜਿਵੇਂ।

ਇਹ ਜਗੁ ਧੂਏ ਕਾ ਪਹਾਰ,ਤੈ ਸਾਚਾ ਮਾਨਿਆ ਕਹਿ ਬਿਚਾਰਿ।[25]

ਏਸੇ ਹੀ ਜਗਤ ਦੀ ਤੁਲਨਾ ਗੁਰੂ ਜੀ 'ਬਾਲੂ ਕੀ ਭੀਤਿ' ਭਾਵ 'ਰੇਤ ਦੀ ਕੰਧ' ਨਾਲ ਵੀ ਕਰਦੇ ਹਨ। ਗੁਰੂ ਜੀ ਆਖਦੇ ਹਨ ਕਿ ਇਹ ਜਗਤ ਰੇਤ ਦੀ ਕੰਧ ਦੇ ਸਮਾਂਤਰ ਹੈ। ਜਿਵੇਂ ਰੇਤ ਦੀ ਕੰਧ ਦੀ ਕੋਈ ਬੁਨਿਆਦ ਨਹੀਂ ਹੁੰਦੀ, ਉਸਦੀ ਹੋਂਦ ਅਨਿਸ਼ਚਿਤ ਹੁੰਦੀ ਹੈ, ਉਸੇ ਤਰ੍ਹਾਂ ਇਹ ਜਗਤ ਵੀ ਨਾਸ਼ਵਾਨ ਹੈ। ਜਿਵੇਂ ਗੁਰੂ ਜੀ ਆਖਦੇ ਹਨ-

ਕਹਿ ਨਾਨਕ ਥਿਰੁ ਨਾ ਰਹੈ,ਜਿਉ ਬਾਲੂ ਕੀ ਭੀਤਿ।[26]

ਗੁਰੂ ਜੀ ਆਪਣੀ ਬਾਣੀ ਵਿਚ ਇਸ ਦਿਸਦੇ ਸੰਸਾਰ ਦਾ ਹੋਰ ਡੂੰਘਾ ਚਿੰਤਨ ਕਰਦੇ ਇਸ ਦਿਸਦੇ ਜਗਤ ਨੂੰ ਮ੍ਰਿਗ ਤ੍ਰਿਸ਼ਨਾ ਤੁਲਨਾਉਂਦੇ ਹੋਏ ਆਖਦੇ ਹਨ ਕਿ ਜਿਸ ਤਰ੍ਹਾਂ ਰੇਗਿਸਤਾਨ ਦੀ ਕੰਧ ਪਾਣੀ ਦਾ ਭੁਲੇਖਾ ਪਾਉਂਦੀ ਹੈ ਉਸੇ ਤਰ੍ਹਾਂ ਮਨੁੱਖ ਰੂਪੀ ਮ੍ਰਿਗ ਰੇਤ ਨੂੰ ਪਾਣੀ ਸਮਝ ਕੇ ਉਸ ਵੱਲ ਭੱਜਣਾ ਸ਼ੁਰੂ ਕਰ ਦਿੰਦਾ ਹੈ ਉਸੇ ਤਰ੍ਹਾਂ ਮਨੁੱਖ ਨੇ ਵੀ ਇਸ ਝੂਠੇ ਜਗਤ ਨੂੰ ਸੱਚ ਸਮਝ ਕੇ ਉਸ ਵੱਲ ਦੌੜਨਾ ਸ਼ੁਰੂ ਕਰ ਦਿੱਤਾ। ਜੋ ਕਿ ਸਦੀਵੀਂ ਹੋਂਦ ਵਾਲਾ ਨਹੀਂ ਹੈ ਅਤੇ ਨਾ ਹੀ ਸੱਚ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ-

ਮ੍ਰਿਗ ਤ੍ਰਿਸ਼ਨਾ ਜਿਉ ਝੂਠੋ, ਇਹੁ ਜਗ ਦੇਖਿ ਤਾਸਿ ਉਠਿ ਧਾਵੈ।[27]

ਗੁਰੂ ਜੀ ਇਸ ਜਗਤ ਬਾਬਤ ਬਾਣੀ ਵਿਚ ਦੱਸਦੇ ਹਨ ਕਿ ਇਸ ਜਗਤ ਵਿਚ ਰਹਿੰਦੇ ਹੋਏ ਪ੍ਰਾਪਤ ਕੀਤੇ ਸਭ ਪ੍ਰਕਾਰ ਦੇ 'ਸੁੱਖ' ਝੂਠੇ ਅਤ ਅਸਥਿਰ ਹਨ। ਸੰਸਾਰਿਕ ਰਿਸ਼ਤੇ ਵੀ ਸੱਚੇ ਨਹੀਂ ਹਨ। ਉਹ ਵੀ ਮਤਲਬ ਦੇ ਥੋੜ ਚਿਰੇ ਹਨ। ਗੁਰੂ ਜੀ ਸਭ ਤੋਂ ਨੇੜਲੇ ਰਿਸ਼ਤੇ ਜਿਵੇਂ ਮਾਂ-ਬਾਪ, ਪੁੱਤਰ, ਭਰਾ, ਪਤਨੀ ਆਦਿ ਦੀ ਹੋਂਦ ਨੂੰ ਕਾਲ ਨਾਲ ਸੀਮਿਤ ਕਰਦੇ ਹੋਏ ਆਖਦੇ ਹਨ ਕਿ ਜਦੋਂ ਤੱਕ ਵਿਅਕਤੀ ਦਾ ਜੀਵਨ ਕਾਲ ਵਿਦਮਾਨ ਹੈ ਉਦੋਂ ਤੱਕ ਇਹ ਰਿਸ਼ਤੇ ਬਰਕਰਾਰ ਰਹਿੰਦੇ ਹਨ ਪਰੰਤੂ ਜਦੋਂ ਵੀ ਵਿਅਕਤੀ ਹੀ ਜੀਵਨ ਕਾਲ ਸਮਾਪਤ ਹੋ ਜਾਂਦਾ ਹੈ। ਇਹਨਾਂ ਸਦੀਵੀਂ ਕਹੇ ਜਾਣ ਵਾਲੇ ਰਿਸ਼ਤਿਆਂ ਦੀ ਉਮਰ ਉਦੋਂ ਹੀ ਖ਼ਤਮ ਹੋ ਜਾਂਦੀ ਹੈ। ਗੁਰੂ ਜੀ ਪਤਨੀ ਦੇ ਰਿਸ਼ਤੇ ਦੀ ਅਸਲ ਸੱਚਾਈ ਪੇਸ਼ ਕਰਦੇ ਹੋਏ ਕਹਿੰਦ ਹਨ ਕਿ ਪਤੀ ਦੀ ਮੌਤ ਉਪਰੰਤ ਉਸਦੀ ਪਤਨੀ, ਉਸਨੂੰ ਪ੍ਰੇਤ -ਪ੍ਰੇਤ ਆਖਦੀ ਉਸਤੋਂ ਦੂਰ ਭੱਜਦੀ ਹੈ। ਜਿਹੜੀ ਉਸਦੇ ਜਿਉਂਦੇ ਹੋਣ ਉੱਤੇ ਉਸਦੇ ਸੰਗ ਰਹਿਣ ਦੇ ਦਾਅਵੇ ਕਰਦੀ ਸੀ। ਜਿਵੇਂ-

ਘਰ ਕੀ ਨਾਰ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ।

ਜਬ ਹੀ ਹੰਸ ਤਜੀ ਇਹ ਕਾਇਆ, ਪ੍ਰੇਤ ਪ੍ਰੇਤ ਕਰ ਭਾਗੀ।[28]

ਮਨੁੱਖੀ ਸਰੀਰ ਵਿਚੋਂ ਆਤਮਾ ਨਿਕਲਣ ਉਪਰੰਤ ਉਸ ਰਿਸ਼ਤੇ ਦੀ ਅਸਲ ਸੱਚਾਈ ਨੂੰ ਗੁਰੂ ਜੀ ਜਗਤ ਸਾਹਮਣੇ ਪੇਸ਼ ਕਰਦੇ ਹਨ। ਗੁਰੂ ਜੀ ਜਗਤ ਦੇ ਪ੍ਰੇਮ, ਜਗਤ ਦੀ ਮਿਤਰਤਾ ਸਭ ਨੂੰ ਝੂਠ ਆਖਦੇ ਹਨ। ਗੁਰੂ ਜੀ ਦੱਸਦੇ ਹਨ ਕਿ ਜਦੋਂ ਜਗਤ ਹੀ ਝੂਠ ਹੈ ਤਾਂ ਜਾਗਰਿਤ ਰਿਸ਼ਤੇ ਕਿਵੇਂ ਸੱਚ ਹੋ ਸਕਦੇ ਹਨ? ਉਹ ਵੀ ਝੂਠ ਦੀ ਅਨੁਆਈ ਹੀ ਹਨ-

ਜਗਤ ਮਹਿ ਝੂਠੀ ਦੇਖੀ ਪ੍ਰੀਤਿ।[29]

ਸੰਗ ਸਖਾ ਸਭਿ ਤਜਿ ਗਏ, ਕੋਊ ਨਾ ਨਿਬਿਹੋ ਸਾਥਿ।[30]

ਗੁਰੂ ਜੀ ਇਸ ਬਿਨਸਨਹਾਰ ਜਗਤ ਪ੍ਰਤੀ ਹੋਰ ਚਿੰਤਨ ਕਰਦੇ ਹੋਏ ਆਖਦੇ ਹਨ ਕਿ ਪੂਰਨ ਸੰਸਾਰ ਭਰਮ ਭੁਲੇਖਿਆਂ ਵਿਚ ਭੁਲਿਆ ਫਿਰਦਾ ਹੈ। ਉਹ ਸਿਰਫ਼ ਧਨ ਦੌਲਤ, ਜੋਬਨ, ਮਾਇਆ ਦੀ ਪ੍ਰਾਪਤੀ ਲਈ ਉਸ ਪਿਛੇ ਭੱਜਿਆ ਫਿਰਦਾ ਹੈ ਪਰੰਤੂ ਉਸ ਨੂੰ ਮੁਕਤੀ ਕੇਵਲ ਪ੍ਰਭੂ-ਭਗਤੀ ਕਰਨ ਉਪਰੰਤ ਹੀ ਮਿਲ ਸਕਦੀ ਹੈ। ਪ੍ਰਭੂ ਭਗਤੀ ਕਰਨ ਉਪਰੰਤ ਹੀ ਵਿਅਕਤੀ ਨਿਰਭੈ ਪਦ ਦੀ ਪਦਵੀਂ ਹਾਸਿਲ ਕਰ ਸਕਦਾ ਹੈ। ਗੁਰੂ ਜੀ ਹੇਠ ਲਿਖੀ ਤੁਕ ਰਾਹੀਂ ਮਨੁੱਖ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ। ਜਿਵੇਂ –

ECONSPEAK: A Journal of Advances in Management IT & Social Sciences,
Vol. 13, Issue 2, February 2023 Impact Factor 8.049 ISSN: (2231-4571)
www.skirec.org Email Id: skirec.org@gmail.com RESEARCHERID THOMSON REUTERS

ਸਾਧੋ ਇਹੁ ਜਗੁ ਭਰਮ ਭੁਲਾਨਾ,ਰਾਮ ਨਾਮ ਕਾ ਸਿਮਰਨ ਛੋਡਿਆ।

ਮਾਇਆ ਹਾਥਿ ਬਿਕਾਨਾ।[31]

ਅਤੇ

ਅਉਰ ਸਗਲ ਜਗੁ ਮਾਇਆ

ਮੋਹਿਆ ਨਿਰਭੈ ਪਦੁ ਨਹੀ ਪਾਵੈ।[32]

ਉਪਰੋਕਤ ਚਰਚਾ ਨੂੰ ਸਮੇਟਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਜੀ ਦੀ ਸੰਸਾਰ ਪ੍ਰਤੀ ਚਿੰਤਨ ਦੀ ਜਰਖੇਜ਼ ਜ਼ਮੀਨ ਮਨੁੱਖ ਲਈ ਪ੍ਰੇਰਣਾ ਦਾ ਸਰੋਤ ਬਣਦੀ ਹੈ। ਗੁਰੂ ਜੀ ਦੇ ਬਾਣੀ ਦਰਸ਼ਨ ਦੀ ਗੂੜ੍ਹਤਾ ਸੰਸਾਰਿਕ ਜੀਵਨ ਦੀ ਜਟਿਲਤਾ ਨੂੰ ਭੰਗ ਕਰਦੀ ਹੋਈ ਮਨੁੱਖ ਨੂੰ ਨਿਰਭੈ ਦਾ ਪਾਠ ਪੜ੍ਹਾਉਂਦੀ ਹੈ। ਗੁਰੂ ਜੀ ਦੀ ਬਾਣੀ ਵਿਚ ਜਗਤ ਦੇ ਸਮਾਂਤਰ (ਜਗਿ, ਜਗ, ਜਗੁ), ਜਗਤਿ, ਜਗਤੁ ਆਦਿ। ਇਸੇ ਹੀ ਤਰ੍ਹਾਂ ਸੰਸਾਰ ਲਈ ਸੰਸਾਰਾ, ਸੰਸਾਰੁ, ਰਚਨਾ ਲਈ ਭਵਸਾਗਰ,ਭਉਜਲੁ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਅਨੁਸਾਰ ਜਗਤ ਦੀ ਉਤਪਤੀ ਦਾ ਆਧਾਰ ਬ੍ਰਹਮ ਹੈ। ਗੁਰੂ ਜੀ ਨੇ ਦਿਸਦੇ ਸੰਸਾਰ ਨੂੰ ਜਲ ਦਾ ਬੁਦਬੁਦਾ, ਬਿਨਸਨਹਾਰ,ਝੂਠਾ, ਭਾਲੂ ਕੀ ਭਾਤਿ, ਸੁਪਨਾ, ਤਮਾਸ਼ਾ, ਧੂਏ ਦਾ ਪਹਾੜ ਆਦਿ ਮੰਨਿਆ ਹੈ। ਗੁਰੂ ਜੀ ਨੇ ਸੂਤ੍ਰਿਕ ਸ਼ੈਲੀ ਦੀ ਵਰਤੋਂ ਕਰਦਿਆ ਜਗਤ ਦੀ ਉਤਪਤੀ ਬਾਰੇ ਵਧੇਰੇ ਵਿਸਥਾਰ ਨਹੀਂ ਦਿੱਤਾ। ਗੁਰੂ ਜੀ ਨੇ ਬਾਣੀ ਰਾਹੀਂ ਇਹੀ ਸਪੱਸ਼ਟ ਕੀਤਾ ਹੈ ਕਿ ਇਹ ਸੰਸਾਰ ਅਨਿਸ਼ਚਤ ਹੈ। ਏਥੇ ਕੋਈ ਵੀ ਸਦੀਂਵੀ ਨਹੀਂ ਰਹਿ ਸਕਦਾ। ਧਨ, ਦੌਲਤ ਜਾਂ ਸੰਸਾਰਕ ਰਿਸ਼ਤਿਆਂ ਨੇ ਅੰਤ ਵਿਚ ਬਿਨਸ ਜਾਣਾ ਹੈ ਅਤੇ ਮੌਤ ਸਮੇਂ ਕਿਸੇ ਨੇ ਵੀ ਸਾਥ ਨਹੀਂ ਦੇਣਾ। ਆਪ ਨੇ ਸੰਸਾਰਿਕ ਰਸ ਨੂੰ ਨਾਸ਼ਵਾਨ ਦੱਸ ਕੇ ਜੀਵਾਂ ਨੂੰ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਗਤ ਚਿੰਤਨ ਮਨੁੱਖ ਨੂੰ ਡਰ ਤੋਂ ਰਹਿਤ ਜੀਵਨ ਜੀਉਣ ਲਈ ਪ੍ਰੇਰਿਤ ਕਰਦਾ ਹੈ। ਗੁਰੂ ਜੀ ਮਨੁੱਖ ਨੂੰ ਨਿਡਰਤਾ ਅਤੇ ਸ਼ਹਿਣਸ਼ੀਲਤਾ ਨਾਲ ਰਹਿਣਾ ਸਿਖਾਉਂਦੇ ਹਨ। ਜਿਸ ਵਿਅਕਤੀ ਨੇ ਗੁਰੂ ਦੇ ਨਾਮ ਨਾਲ ਰਿਸ਼ਤਾ ਜੋੜ ਲਿਆ ਉਸਨੂੰ ਕੋਈ ਡਰ ਜਾਂ ਕੋਈ ਸੰਸਾਰਿਕ ਬੰਧਨ ਡੁਲਾ ਨਹੀਂ ਸਕਦਾ। ਗੁਰੂ ਜੀ ਦੇ ਜਗਤ ਚਿੰਤਨ ਵਿਚ ਆਤਮਿਕ ਸੁੱਖ ਹੀ ਨਹੀਂ ਸਗੋਂ ਸਮਾਜਿਕ ਸੁਨੇਹਾ ਵੀ ਸਮੋਇਆ ਹੋਇਆ ਹੈ। ਗੁਰੂ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਪ੍ਰਾਣਾਂ ਦੀ ਅਹੂਤੀ ਦੇ ਕੇ ਇਹ ਦਰਸਾਇਆ ਹੈ ਕਿ ਧਰਮ ਅਤੇ ਸੱਚ ਲਈ ਲੜਨਾ ਸਭ ਤੋਂ ਵੱਡਾ ਕਰਤੱਵ ਹੈ। ਉਹਨਾਂ ਦਾ ਜੀਵਨ ਮਨੁੱਖ ਨੂੰ ਸੱਚਾਈ, ਇਨਸਾਫ਼ ਅਤੇ ਨਿਰੜੈ ਜੀਵਨ ਜਿਊਣ ਦੀ ਪ੍ਰੇਰਨਾ

ਦਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਹ ਚਿੰਤਨ ਧਾਰਮਿਕ ਸੰਦੇਸ਼ ਹੀ ਨਹੀਂ ਦਿੰਦਾ ਸਗੋਂ ਪੂਰੀ ਮਨੁੱਖਤਾ ਲਈ ਸਰਭਸਾਂਝਾ ਫ਼ਲਸਫ਼ਾ ਹੈ ਜੋ ਹਰ ਯੁੱਗ ਵਿਚ ਮਨੁੱਖ ਨੂੰ ਸੱਚ ਦੀ ਰਾਹ ਤੇ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਗੁਰੂ ਜੀ ਨੇ ਰੱਬੀ ਮਰਿਆਦਾ ਅਨੁਸਾਰ ਬਦਲਾ ਰਹਿਤ ਭਾਵਨਾ ਰੱਖਦੇ ਹੋਏ ਕਸ਼ਟ ਸਹਿਣ ਦੀ ਤਤਪਰਤਾ ਨੂੰ ਪਹਿਲਾਂ ਆਪ ਧਾਰਨ ਕਰਨ ਉਪਰੰਤ ਮਨੁੱਖਤਾ ਵਿਚ ਅਜਿਹੀ ਸ਼ਕਤੀ ਭਰੀ। ਗੁਰੂ ਜੀ ਨੇ ਕੱਟੜ ਔਰੰਗਜੇਬ ਦੇ ਰਾਜ ਵਿਚ ਸਤਾਈ ਹੋਈ ਸੰਪੂਰਨ ਲੋਕਾਈ ਲਈ ਆਪਣੀ ਜ਼ਿੰਦਗੀ ਨੂੰ ਕੁਰਬਾਨ ਕਰ ਦਿੱਤਾ। ਆਪ ਨੇ ਨਿਸ਼ਚਾ ਕੀਤਾ ਹੋਇਆ ਸੀ ਕਿ ਨਾਮ ਸਿਮਰਨ ਤੇ ਭਗਤੀ ਹੀ ਸਮੁੱਚੀ ਲੋਕਾਈ ਲਈ ਕਲਿਆਣ ਦਾ ਰਸਤਾ ਹੈ।

**ਹਵਾਲੇ ਅਤੇ ਟਿੱਪਣੀਆਂ -**

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 138
2. ਉਹੀ, ਪੰਨਾ 219
3. ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ ਤੇ ਓਿੱਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 18
4. ਉਹੀ,
5. ਉਹੀ,
6. ਉਹੀ, ਪੰਨਾ 32
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 732
8. ਉਹੀ, ਪੰਨਾ 1182
9. ਉਹੀ, ਪੰਨਾ 1185
10. ਉਹੀ, ਪੰਨਾ, 1429
11. ਉਹੀ, ਪੰਨਾ, 1426
12. ਉਹੀ, ਪੰਨਾ,1427
13. ਉਹੀ, ਪੰਨਾ, 1428
14. ਉਹੀ, ਉਹੀ

ECONSPEAK: A Journal of Advances in Management IT & Social Sciences,
Vol. 13, Issue 2, February 2023 Impact Factor 8.049 ISSN: (2231-4571)
www.skirec.org Email Id: skirec.org@gmail.com

**15.** ਉਹੀ, ਪੰਨਾ,1189

**16.** ਉਹੀ, ਪੰਨਾ,1428

**17.** ਉਹੀ, ਪੰਨਾ,1352

**18.** ਉਹੀ, ਪੰਨਾ,1426

**19.** ਉਹੀ, ਪੰਨਾ,1427

**20.** ਉਹੀ, ਪੰਨਾ,1426

**21.** ਉਹੀ, ਪੰਨਾ1427

**22.** ਉਹੀ, ਪੰਨਾ,1428

**23.** ਉਹੀ, ਪੰਨਾ,1428

**24.** ਉਹੀ, ਪੰਨਾ,219

**25.** ਉਹੀ, ਪੰਨਾ,1187

**26.** ਉਹੀ, ਪੰਨਾ,1427

**27.** ਉਹੀ, ਪੰਨਾ,219

**28.** ਉਹੀ, ਪੰਨਾ,634

**29.** ਉਹੀ, ਪੰਨਾ, 536

**30.** ਉਹੀ, ਪੰਨਾ,1429

**31.** ਉਹੀ, ਪੰਨਾ,684-85

**32.** ਉਹੀ, ਪੰਨਾ,220